# ਦਫਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਤਿਕਸ਼ਨ ਸੂਦ ਅਤੇ ਮੇਅਰ ਸ਼ਿਵ ਸੂਦ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

ਹੁਸ਼ਿਆਰਪੁਰ 2 ਅਕਤੂਬਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਜੰਯਤੀ ਦੇ ਮੌਕੇ ਤੇ ਅੱਜ ਬਹਾਦਰਪੁਰ ਚੌਂਕ ਮਹਾਤਮਾ ਗਾਂਧੀ ਲਾਈਬ੍ਰੇਰੀ ਵਿਖੇ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਤਿਕਸ਼ਨ ਸੂਦ, ਮੇਅਰ ਸ਼ਿਵ ਸੂਦ, ਕਾਰਜ ਸਾਧਕ ਅਫ਼ਸਰ ਰਾਮੇਸ਼ ਕੁਮਾਰ ਨੇ ਮਹਾਤਮਾ ਗਾਂਧੀ ਦੇ ਬੁੱਤ ਦੀ ਦੁੱਧ ਅਤੇ ਪਾਣੀ ਨਾਲ ਸਫਾਈ ਕਰਨ ਉਪਰੰਤ ਫੁੱਲ ਮਾਲਾਵਾਂ ਪਾ ਕੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ। ਸ੍ਰੀ ਸੂਦ ਨੇ ਦੱਸਿਆ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਅਹਿੰਸਾ ਦੇ ਰਸਤੇ ਤੇ ਚੱਲਦੇ ਹੋਏ ਭਾਰਤ ਨੂੰ ਆਜ਼ਾਦੀ ਦਵਾਈ ਇਸ ਨੂੰ ਕਾਇਮ ਰੱਖਣਾ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ।

ਉਹਨਾਂ ਦੱਸਿਆ ਕਿ ਮਹਾਤਮਾ ਗਾਂਧੀ ਸਵੱਛਤਾ ਨੂੰ ਬਹੁੱਤ ਮਹੱਤਵ ਦਿੰਦੇ ਸਨ ਇਸ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਮਹਾਤਮਾ ਗਾਂਧੀ ਦੇ ਜਨਮ ਦਿਵਸ ਦੇ ਮੌਕੇ ਤੇ ਸਵੱਛ ਭਾਰਤ ਅਭਿਆਨ ਸ਼ੁਰੂ ਕੀਤਾ ਸੀ ਜਿਸ ਨੂੰ ਭਾਰਤ ਵਿੱਚ ਚੰਗਾ ਹੁੰਗਾਰਾ ਮਿਲਿਆ ਹੈ ਉਹਨਾਂ ਦੱਸਿਆ ਕਿ ਇਹ ਸਵੱਛ ਭਾਰਤ ਅਭਿਆਨ ਹਰ ਸਾਲ ਮਹਾਤਮਾ ਗਾਂਧੀ ਜੀ ਦੇ ਜਨਮ ਦਿਵਸ ਤੇ ਮਨਾਇਆ ਜਾਂਦਾ ਹੈ।

ਨਗਰ ਨਿਗਮ ਦੇ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ, ਜਨਕ ਰਾਜ, ਸੁਰਿੰਦਰ ਕੁਮਾਰ, ਕੌਂਸਲਰ ਰਮੇਸ਼ ਕੁਮਾਰ ਠਾਕੁਰ, ਨਿਪੁੰਨ ਸ਼ਰਮਾ, ਅਸ਼ੋਕ ਕੁਮਾਰ, ਸੁਰੇਸ਼ ਭਾਟੀਆ ਬਿੱਟੂ, ਰਾਮਦੇਵ ਯਾਦਵ, ਆਸ਼ਾ ਅਰੋੜਾ, ਸੰਜੀਵ ਚੰਡਾ, ਰਾਜ ਕੁਮਾਰ ਸੋਨੀ, ਪੰਕਜ ਸੂਰੀ, ਬੱਬੂ ਪਰਾਸ਼ਰ, ਵਿਸ਼ਾਲ ਸ਼ਰਮਾ, ਤਜਿੰਦਰ ਸਿੰਘ, ਰੋਹਿਤ ਸ਼ਰਮਾ, ਸ਼ਾਮ ਵਿਗ, ਰਾਜ ਕੁਮਾਰ ਸੂਦ, ਤਜਿੰਦਰ ਸਿੰਘ, ਸੰਜੀਵ ਚੱਡਾ, ਜਤਿੰਦਰ ਸਿੰਘ ਸੈਣੀ, ਰਾਜ ਲੁਭਾਇਆ ਪ੍ਰਾਸ਼ਰ, ਹਿਤੇਸ਼ ਪ੍ਰਾਸ਼ਰ, ਪੰਕਜ ਸੂਰੀ, ਵੀ ਇਸ ਮੌਕੇ ਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।